ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 ਐਸ.ਏ.ਐਸ ਨਗਰ,ਮੁਹਾਲੀ
ਫੋਨ ਨੰਬਰ: 0172-2212221, ਫੈਕਸ ਨੰ: 0172-2212793

ਵੱਲ (ਵੈੱਬਸਾਈਟ ਰਾਹੀਂ)

ਸਮੂਹ
ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ),
ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਸੈਂਟਰ ਹੈੱਡ ਟੀਚਰ,
ਸਕੂਲ ਮੁਖੀ, ਪੰਜਾਬ।

ਮੀਮੋ ਨੰ:- SCERT/PPPP/PRI/2021362613 ਮਿਤੀ: 11.11.2021

**ਵਿਸ਼ਾ:- ਮਿਤੀ 22 ਤੋਂ 30 ਨਵੰਬਰ 2021 ਤੱਕ ਮਾਂ-ਬੋਲੀ ਨੂੰ ਸਮਰਪਿਤ ਵਿੱਦਿਅਕ ਅਤੇ ਸਹਿ-ਵਿੱਦਿਅਕ ਮੁਕਾਬਲੇ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਦੁਆਰਾ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਸਿੱਖਿਆ ਦੇ ਗੁਣਾਤਮਿਕ ਸੁਧਾਰ ਪੱਖੋਂ ਚਲਾਇਆ ਗਿਆ ਹੈ। ਇਸ ਪ੍ਰੋਜੈਕਟ ਅਧੀਨ ਵਿਦਿਆਰਥੀਆਂ ਵਿੱਚ ਪੜ੍ਹਨ-ਲਿਖਣ ਦੀਆਂ ਰੁਚੀਆਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਅਤੇ ਮੁਕਾਬਲੇ ਕਰਵਾਏ ਜਾਂਦੇ ਹਨ।

3.0 ਅਧਿਆਪਕਾਂ ਤੋਂ ਮਿਲੇ ਸੁਝਾਵਾਂ ਅਨੁਸਾਰ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ 22 ਤੋਂ 30 ਨਵੰਬਰ 2021 ਤੱਕ ਮਾਂ-ਬੋਲੀ ਨੂੰ ਸਮਰਪਿਤ ਕਰਦੇ ਹੋਏ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪਹਿਲੀ ਤੋਂ ਪੰਜਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਵਿੱਦਿਅਕ ਅਤੇ ਸਹਿ-ਵਿੱਦਿਅਕ ਮੁਕਾਬਲੇ ਅਤੇ ਅਧਿਆਪਕਾਂ ਦੇ ਸੁਲੇਖ ਮੁਕਾਬਲੇ ਸਕੂਲ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਕਰਵਾਏ ਜਾਣੇ ਹਨ। ਜਿਹਨਾਂ ਦਾ ਸ਼ਡਿਊਲ ਅਤੇ ਹਦਾਇਤਾਂ ਇਸ ਅਨੁਸਾਰ ਹੋਣਗੀਆਂ:-

**ਪ੍ਰਾਇਮਰੀ ਜਮਾਤਾਂ ਲਈ ਮੁਕਾਬਲੇ:**

| ਲੜੀ ਨੰ. | ਸਮਾਂ ਸਾਰਣੀ ਅਤੇ ਸਥਾਨ | ਵਿਸ਼ਾ | ਮੁਕਾਬਲੇ ਦਾ ਨਾਂ | ਭਾਗ ਲੈਣ ਵਾਲੇ ਵਿਦਿਆਰਥੀ/ਅਧਿਆਪਕ |
|---|---|---|---|---|
| 1. | ਮਿਤੀ 22.11.2021<br>ਦਿਨ – ਸੋਮਵਾਰ<br>ਸਥਾਨ - ਸਕੂਲ | ਪੰਜਾਬੀ | ਸੁੰਦਰ ਲਿਖਾਈ ਮੁਕਾਬਲੇ (ਕਲਮ ਨਾਲ) | ਸਕੂਲ ਦੇ ਸਮੂਹ ਵਿਦਿਆਰਥੀ |
| | | | ਸੁੰਦਰ ਲਿਖਾਈ ਮੁਕਾਬਲੇ (ਜੈੱਲ ਪੈੱਨ ਨਾਲ) | |
| | | | ਭਾਸ਼ਣ ਮੁਕਾਬਲੇ | |
| | | | ਕਵਿਤਾ ਗਾਇਨ ਮੁਕਾਬਲੇ | |
| | | | ਪੜ੍ਹਨ ਮੁਕਾਬਲੇ | |
| | | | ਬੋਲ ਲਿਖਤ ਮੁਕਾਬਲੇ | |
| | | | ਕਹਾਣੀ ਸੁਣਾਉਣ ਮੁਕਾਬਲੇ | |
| | | | ਚਿੱਤਰਕਲਾ ਮੁਕਾਬਲੇ | |
| | | | ਆਮ ਗਿਆਨ ਦਾ ਮੁਕਾਬਲੇ | |
| | | | ਸੁੰਦਰ ਲਿਖਾਈ ਮੁਕਾਬਲੇ ਅਧਿਆਪਕ ਲਈ (ਜੈੱਲ ਪੈੱਨ ਨਾਲ) | ਸਕੂਲ ਦੇ ਸਮੂਹ ਅਧਿਆਪਕ |
| 2 | ਮਿਤੀ 24.11.2021<br>ਦਿਨ ਬੁੱਧਵਾਰ<br>ਸਵੇਰੇ 10.00 ਵਜੇ<br>ਸਥਾਨ -ਕਲੱਸਟਰ | ਪੰਜਾਬੀ | ਸੁੰਦਰ ਲਿਖਾਈ ਮੁਕਾਬਲੇ (ਕਲਮ ਨਾਲ) | ਕਲੱਸਟਰ ਵਿਚਲੇ ਹਰੇਕ ਸਕੂਲ ਵਿੱਚੋਂ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਸਕੂਲ 07 ਵਿਦਿਆਰਥੀ)<br>(ਸੁੰਦਰ ਲਿਖਾਈ (ਕਲਮ ਨਾਲ)-1 ਵਿਦਿ.,<br>ਸੁੰਦਰ ਲਿਖਾਈ (ਜੈੱਲ ਪੈੱਨ ਨਾਲ)-1 ਵਿਦਿ.,<br>ਭਾਸ਼ਣ ਮੁਕਬਾਲਾ-1 ਵਿਦਿ., |
| | | | ਸੁੰਦਰ ਲਿਖਾਈ ਮੁਕਾਬਲੇ (ਜੈੱਲ ਪੈੱਨ ਨਾਲ) | |
| | | | ਭਾਸ਼ਣ ਮੁਕਾਬਲੇ | |
| | | | ਕਵਿਤਾ ਗਾਇਨ ਮੁਕਾਬਲੇ | |

| | | | | |
|---|---|---|---|---|
| | | | ਪੜ੍ਹਨ ਮੁਕਾਬਲੇ | ਕਵਿਤਾ ਗਾਇਨ-1 ਵਿਦਿ.,<br>ਪੜ੍ਹਨ ਮੁਕਾਬਲਾ-1 ਵਿਦਿ.<br>ਕਹਾਣੀ ਸੁਣਾਉਣਾ -1 ਵਿਦਿ.,<br>ਬੋਲ ਲਿਖਤ ਮੁਕਾਬਲੇ-1 ਵਿਦਿ.) |
| | | | ਕਹਾਣੀ ਸੁਣਾਉਣ ਮੁਕਾਬਲੇ | |
| | | | ਬੋਲ ਲਿਖਤ ਮੁਕਾਬਲੇ | |
| | | | ਚਿੱਤਰਕਲਾ ਮੁਕਾਬਲੇ | ਕਲੱਸਟਰ ਵਿਚਲੇ ਹਰੇਕ ਸਕੂਲ ਵਿੱਚੋਂ ਮੁਕਾਬਲੇ ਵਿੱਚ ਪਹਿਲੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਸਕੂਲ 2 ਵਿਦਿਆਰਥੀ)<br>(ਚਿੱਤਰਕਲਾ ਮੁਕਾਬਲੇ- 1ਵਿਦਿ.,<br>ਆਮ-ਗਿਆਨ ਦੇ ਮੁਕਾਬਲੇ-1 ਵਿਦਿ.) |
| | | | ਆਮ ਗਿਆਨ ਦਾ ਮੁਕਾਬਲੇ | |
| | | | ਸੁੰਦਰ ਲਿਖਾਈ ਮੁਕਾਬਲੇ ਅਧਿਆਪਕ ਲਈ (ਜੈੱਲ ਪੈੱਨ ਨਾਲ) | ਕਲੱਸਟਰ ਵਿਚਲੇ ਸਕੂਲਾਂ ਦੇ ਪਹਿਲੇ ਸਥਾਨ 'ਤੇ ਰਹਿਣ ਵਾਲੇ ਅਧਿਆਪਕ<br>(ਪ੍ਰਤੀ ਸਕੂਲ 1 ਅਧਿਆਪਕ) |
| 3 | ਮਿਤੀ 26.11.2021<br>ਦਿਨ ਸ਼ੁੱਕਰਵਾਰ<br>ਸਵੇਰੇ : 10.00 ਵਜੇ<br>ਸਥਾਨ -ਬਲਾਕ | ਪੰਜਾਬੀ | ਸੁੰਦਰ ਲਿਖਾਈ ਮੁਕਾਬਲੇ (ਕਲਮ ਨਾਲ) | ਕਲੱਸਟਰ ਵਿੱਚੋਂ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਕਲੱਸਟਰ 07 ਵਿਦਿਆਰਥੀ)<br>(ਸੁੰਦਰ ਲਿਖਾਈ (ਕਲਮ ਨਾਲ)-1 ਵਿਦਿ.,<br>ਸੁੰਦਰ ਲਿਖਾਈ (ਜੈੱਲ ਪੈੱਨ ਨਾਲ)-1 ਵਿਦਿ.,<br>ਭਾਸ਼ਣ ਮੁਕਬਾਲਾ-1 ਵਿਦਿ.,<br>ਕਵਿਤਾ ਗਾਇਨ-1 ਵਿਦਿ.,<br>ਪੜ੍ਹਨ ਮੁਕਾਬਲਾ-1 ਵਿਦਿ.,<br>ਕਹਾਣੀ ਸੁਣਾਉਣਾ -1 ਵਿਦਿ.,<br>ਬੋਲ ਲਿਖਤ ਮੁਕਾਬਲੇ-1 ਵਿਦਿ.) |
| | | | ਸੁੰਦਰ ਲਿਖਤ ਮੁਕਾਬਲੇ (ਜੈੱਲ ਪੈੱਨ ਨਾਲ) | |
| | | | ਭਾਸ਼ਣ ਮੁਕਾਬਲੇ | |
| | | | ਕਵਿਤਾ ਗਾਇਨ ਮੁਕਾਬਲੇ | |
| | | | ਪੜ੍ਹਨ ਮੁਕਾਬਲੇ | |
| | | | ਕਹਾਣੀ ਸੁਣਾਉਣ ਮੁਕਾਬਲੇ | |
| | | | ਬੋਲ ਲਿਖਤ ਮੁਕਾਬਲੇ | |
| | | | ਚਿੱਤਰਕਲਾ ਮੁਕਾਬਲੇ | ਕਲੱਸਟਰ ਵਿੱਚੋਂ ਮੁਕਾਬਲੇ ਵਿੱਚ ਪਹਿਲੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ<br>(ਪ੍ਰਤੀ ਕਲੱਸਟਰ 2 ਵਿਦਿਆਰਥੀ)<br>(ਚਿੱਤਰਕਲਾ ਮੁਕਾਬਲੇ- 1ਵਿਦਿ.,<br>ਆਮ-ਗਿਆਨ ਦੇ ਮੁਕਾਬਲੇ-1 ਵਿਦਿ.) |
| | | | ਆਮ ਗਿਆਨ ਦਾ ਮੁਕਾਬਲੇ | |
| | | | ਸੁੰਦਰ ਲਿਖਾਈ ਮੁਕਾਬਲੇ ਅਧਿਆਪਕ ਲਈ (ਜੈੱਲ ਪੈੱਨ ਨਾਲ) | **ਕਲੱਸਟਰ ਵਿੱਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਅਧਿਆਪਕ<br>(ਪ੍ਰਤੀ ਕਲੱਸਟਰ 1 ਅਧਿਆਪਕ)** |
| 4 | ਮਿਤੀ 30.11.2021<br>ਦਿਨ ਮੰਗਲਵਾਰ<br>ਸਵੇਰੇ 10.00 ਵਜੇ<br>ਸਥਾਨ ਜ਼ਿਲ੍ਹਾ | ਪੰਜਾਬੀ | ਸੁੰਦਰ ਲਿਖਾਈ ਮੁਕਾਬਲੇ (ਕਲਮ ਨਾਲ) | ਬਲਾਕ ਵਿੱਚੋਂ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਬਲਾਕ 07 ਵਿਦਿਆਰਥੀ)<br>(ਸੁੰਦਰ ਲਿਖਾਈ (ਕਲਮ ਨਾਲ)-1 ਵਿਦਿ.,<br>ਸੁੰਦਰ ਲਿਖਾਈ (ਜੈੱਲ ਪੈੱਨ ਨਾਲ)-1 ਵਿਦਿ.,<br>ਭਾਸ਼ਣ ਮੁਕਬਾਲਾ-1 ਵਿਦਿ.,<br>ਕਵਿਤਾ ਗਾਇਨ-1 ਵਿਦਿ.,<br>ਪੜ੍ਹਨ ਮੁਕਾਬਲਾ- 1 ਵਿਦਿ.,<br>ਕਹਾਣੀ ਸੁਣਾਉਣਾ -1 ਵਿਦਿ.,<br>ਬੋਲ ਲਿਖਤ ਮੁਕਾਬਲੇ-1 ਵਿਦਿ.) |
| | | | ਸੁੰਦਰ ਲਿਖਾਈ ਮੁਕਾਬਲੇ (ਜੈੱਲ ਪੈੱਨ ਨਾਲ) | |
| | | | ਭਾਸ਼ਣ ਮੁਕਾਬਲੇ | |
| | | | ਕਵਿਤਾ ਗਾਇਨ ਮੁਕਾਬਲੇ | |
| | | | ਪੜ੍ਹਨ ਮੁਕਾਬਲੇ | |
| | | | ਕਹਾਣੀ ਸੁਣਾਉਣ ਮੁਕਾਬਲੇ | |
| | | | ਬੋਲ ਲਿਖਤ ਮੁਕਾਬਲੇ | |
| | | | ਚਿੱਤਰਕਲਾ ਮੁਕਾਬਲੇ | ਬਲਾਕ ਵਿੱਚੋਂ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ (ਪ੍ਰਤੀ ਬਲਾਕ 2 ਵਿਦਿਆਰਥੀ)<br>(ਚਿੱਤਰਕਲਾ ਮੁਕਾਬਲੇ- 1ਵਿਦਿ.,<br>ਆਮ-ਗਿਆਨ ਦੇ ਮੁਕਾਬਲੇ-1 ਵਿਦਿ.) |
| | | | ਆਮ ਗਿਆਨ ਦਾ ਮੁਕਾਬਲੇ | |
| | | | ਸੁੰਦਰ ਲਿਖਾਈ ਮੁਕਾਬਲੇ ਅਧਿਆਪਕ ਲਈ (ਜੈੱਲ ਪੈੱਨ ਨਾਲ) | **ਬਲਾਕ ਵਿੱਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਅਧਿਆਪਕ (ਪ੍ਰਤੀ ਬਲਾਕ 1 ਅਧਿਆਪਕ)** |

4.0 ਅਧਿਆਪਕਾਂ ਵੱਲੋਂ ਮੁਕਾਬਲਿਆਂ ਤੋਂ ਪਹਿਲਾਂ ਸਕੂਲ ਪੱਧਰ 'ਤੇ ਸਾਰੇ ਵਿਦਿਆਰਥੀਆਂ ਦੀ ਤਿਆਰੀ ਜ਼ਰੂਰ ਕਰਵਾਈ ਜਾਵੇ। ਨਿਰਧਾਰਿਤ ਕੀਤੇ ਮਾਪਦੰਡ ਅਨੁਸਾਰ ਹਰੇਕ ਵਿਦਿਆਰਥੀ ਦਾ ਸਕੂਲ ਪੱਧਰ 'ਤੇ ਭਾਗ ਲੈਣਾ ਲਾਜ਼ਮੀ ਹੋਵੇਗਾ। ਸਮੂਹ ਸੈਂਟਰ ਹੈੱਡ ਟੀਚਰ ਉਪਰੋਕਤ ਮੁਕਾਬਲਿਆਂ ਵਿੱਚ

ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਭਾਗੀਦਾਰੀ ਲਈ ਆਪਣੇ- ਆਪਣੇ ਕਲੱਸਟਰ ਦੇ ਸਾਰੇ ਅਧਿਆਪਕਾਂ ਨੂੰ ਉਤਸ਼ਾਹਿਤ ਕਰਨਗੇ।

5.0 ਇਹ ਮੁਕਾਬਲੇ ਦਿੱਤੇ ਗਏ ਸ਼ਡਿਊਲ ਅਨੁਸਾਰ ਹੀ ਹਰੇਕ ਜ਼ਿਲ੍ਹੇ ਵਿੱਚ ਕਰਵਾਏ ਜਾਣੇ ਜ਼ਰੂਰੀ ਹਨ। ਮੁਕਾਬਲਿਆਂ ਨੂੰ ਕਰਵਾਉਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਬੀ.ਪੀ.ਈ.ਓ, ਸੀ.ਐੱਚ.ਟੀ. ਅਤੇ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਮਿਲ ਕੇ ਪੂਰਨ ਯੋਜਨਾਬੰਦੀ ਤਹਿਤ ਕੰਮ ਕਰਨਗੇ। ਕਲੱਸਟਰ/ਬਲਾਕ/ਜ਼ਿਲ੍ਹਾ ਪੱਧਰ 'ਤੇ ਇਹਨਾਂ ਮੁਕਾਬਲਿਆਂ ਨੂੰ ਕਰਵਾਉਣ ਲਈ ਯੋਜਨਾਬੰਦੀ ਸਬੰਧਤ ਅਫ਼ਸਰ ਵੱਲੋਂ ਇੱਕ ਦਿਨ ਪਹਿਲਾਂ ਕਰਨੀ ਹੋਵੇਗੀ।

5.0 ਮੁਕਾਬਲੇ ਵਾਲੇ ਦਿਨ ਸਕੂਲ ਵਿੱਚ ਟੀ.ਐੱਲ.ਐੱਮ. ਦੀ ਪ੍ਰਦਰਸ਼ਨੀ ਲਗਾਈ ਜਾਵੇ ਅਤੇ ਹਰ ਜਮਾਤ ਦੇ ਕਮਰੇ ਦੀ ਸਾਫ਼-ਸਫ਼ਾਈ ਅਤੇ ਸਜਾਵਟ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

6.0 ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਦੇ ਕਰਵਾਏ ਜਾਣ ਵਾਲੇ ਮੁਕਾਬਲਿਆਂ ਵਿੱਚ ਸੁਮਦਾਇ ਦੀ ਭਾਗੀਦਾਰੀ ਲਈ ਮੁਕਾਬਲਿਆਂ ਸਬੰਧੀ ਵਿਦਿਆਰਥੀਆਂ ਦੇ ਮਾਪਿਆਂ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਅਗੇਤ ਸੂਚਨਾਂ ਦਿੱਤੀ ਜਾਵੇ ਤਾਂ ਜੋ ਉਹਨਾਂ ਦੁਆਰਾ ਮੁਕਾਬਲਿਆਂ ਸਬੰਧੀ ਪ੍ਰੋਗਰਾਮ ਵਿੱਚ ਹਿੱਸਾ ਲਿਆ ਜਾ ਸਕੇ।

7.0 ਸਕੂਲ ਪੱਧਰੀ ਮੁਕਾਬਲੇ ਜਮਾਤਵਾਰ ਕਰਵਾਏ ਜਾਣੇ ਹਨ, ਇਸ ਲਈ ਹਰ ਜਮਾਤ/ਮੁਕਾਬਲੇ ਵਿੱਚੋਂ ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਵਿਦਿਆਰਥੀਆਂ ਦਾ ਇਨਾਮ-ਸਨਮਾਨ ਕੀਤਾ ਜਾਵੇ।

8.0 ਕਰਵਾਏ ਜਾਣ ਵਾਲੇ ਮੁਕਾਬਲਿਆਂ ਨਾਲ ਸਬੰਧਿਤ ਵਿਦਿਆਰਥੀ/ਅਧਿਆਪਕਾਂ ਦੇ ਰਿਕਾਰਡ ਨੂੰ ਹਰ ਪੱਧਰ 'ਤੇ ਸੰਭਾਲ ਕੇ ਜ਼ਰੂਰ ਰੱਖਿਆ ਜਾਵੇ।

9.0 ਮੁਕਾਬਲਿਆਂ ਵਿੱਚ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਆਪਕਾਂ/ਵਿਦਿਆਰਥੀਆਂ ਦੀਆਂ ਵੀਡਿਓਜ਼/ਪੋਸਟਰ ਮੁੱਖ ਦਫ਼ਤਰ/ਸੋਸ਼ਲ ਮੀਡੀਆ ਗਰੁੱਪਾਂ ਵਿੱਚ ਜ਼ਰੂਰ ਸ਼ੇਅਰ ਕੀਤੀਆਂ ਜਾਣ।

10.0 ਅਧਿਆਪਕ ਮੁਕਾਬਲਿਆਂ ਵਿੱਚ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਦੇ ਹਰ ਮੈਂਬਰ ਦਾ ਆਪਣੇ ਪਿੱਤਰੀ ਸਕੂਲ ਦੇ ਅਧਿਆਪਕਾਂ ਨਾਲ ਭਾਗ ਲੈਣਾ ਜ਼ਰੂਰੀ ਹੋਵੇਗਾ।

11.0 ਜ਼ਿਲ੍ਹਾ/ ਬਲਾਕ ਪੱਧਰ 'ਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਬੰਧਤ ਅਧਿਕਾਰੀਆਂ ਵੱਲੋਂ ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਪ੍ਰਸ਼ੰਸਾ ਪੱਤਰ ਦਿੱਤੇ ਜਾਣਗੇ ਅਤੇ ਮੁਕਾਬਲਿਆਂ ਵਿੱਚ ਉੱਤਮ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਇਨਾਮ-ਸਨਮਾਨ ਕੀਤਾ ਜਾਵੇ।

12.0 ਜ਼ਿਲ੍ਹਾ ਪੱਧਰ 'ਤੇ ਹੋਣ ਵਾਲੇ ਸਹਿ -ਅਕਾਦਮਿਕ ਮੁਕਾਬਲਿਆਂ ਵਿੱਚ ਵਿਦਿਆਰਥੀਆਂ/ਅਧਿਆਪਕਾਂ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਦਫ਼ਤਰ ਵੱਲੋਂ ਅਧਿਕਾਰੀਆਂ ਦੀਆਂ ਬਲਾਕ/ਜ਼ਿਲ੍ਹੇਵਾਰ ਡਿਊਟੀਆਂ ਲਗਾਈਆਂ ਗਈਆਂ ਹਨ। ਇਹ ਅਧਿਕਾਰੀ ਆਪਣੇ ਅਲਾਟ ਕੀਤੇ ਬਲਾਕ/ਜ਼ਿਲ੍ਹੇ ਦੇ ਸਾਰੇ ਮੁਕਾਬਲਿਆਂ ਨਾਲ ਸਬੰਧਤ ਅਧਿਕਾਰੀਆਂ/ਅਧਿਆਪਕਾਂ ਨਾਲ ਰਾਬਤਾ ਰੱਖਦਿਆਂ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨਗੇ।

13.0 ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਉਕਤ ਮੁਕਾਬਲਿਆਂ ਦੇ ਨਿਯਮਾਂ ਸਬੰਧੀ ਜੇਕਰ ਕੋਈ ਸੋਧ ਜਾਂ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ ਤਾਂ ਮੁਕਾਬਲੇ ਉਹਨਾਂ ਨਵੇਂ ਨਿਯਮਾਂ/ ਦਿਸ਼ਾ ਨਿਰਦੇਸ਼ ਅਧੀਨ ਹੀ ਕਰਵਾਏ ਜਾਣਗੇ।

14.0 ਪ੍ਰਾਇਮਰੀ ਮੁਕਾਬਲਿਆਂ ਸਬੰਧੀ ਹਦਾਇਤਾਂ/ਨਿਯਮ (ਅਨੁਲੱਗ 'ੳ') ਨੂੰ ਨਾਲ ਨੱਥੀ ਕੀਤਾ ਜਾਂਦਾ ਹੈ।

15.0 ਨਵੰਬਰ ਮਹੀਨੇ ਦੌਰਾਨ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਦੁਆਰਾ ਹਰ ਸਾਲ ਦੀ ਤਰ੍ਹਾਂ ਆਪਣਾ ਹੱਥ ਲਿਖਤ ਮੈਗਜ਼ੀਨ ਤਿਆਰ ਕਰਕੇ ਇਸ ਨੂੰ 30 ਨਵੰਬਰ ਮਹੀਨੇ ਨੂੰ ਸਵੇਰ ਦੀ ਸਭਾ ਵਿੱਚ ਸੁਮਦਾਇ ਮੈਂਬਰਾਂ ਦੀ ਹਾਜ਼ਰੀ ਵਿੱਚ ਜਾਰੀ ਕੀਤਾ ਜਾਵੇ।

16.0 ਮੁਕਾਬਲੇ ਵਾਲੇ ਦਿਨ ਤੋਂ ਪਹਿਲਾਂ 'ਪੜ੍ਹੋ ਪੰਜਾਬ, ਪੜ੍ਹੋ ਪੰਜਾਬ' ਟੀਮ ਮੈਂਬਰ ਆਪਣਾ ਰੂਟ ਪਲਾਨ ਤਿਆਰ ਕਰਕੇ ਲਾਜ਼ਮੀ ਤੌਰ 'ਤੇ ਹਰ ਸਕੂਲ ਨੂੰ ਘੱਟੋਂ-ਘੱਟ ਇੱਕ ਵਾਰੀ ਵਿਜ਼ਿਟ ਕਰਕੇ ਅਧਿਆਪਕਾਂ ਨੂੰ ਇਸ ਮੁਕਾਬਲੇ ਦੀ ਪੂਰੀ ਤਿਆਰੀ ਲਈ ਸਹਿਯੋਗ ਕਰਨਗੇ।

17.0 ਮੁਕਾਬਲੇ ਵਾਲੇ ਦਿਨ ਸਕੂਲ ਮੁੱਖੀ ਵਿਦਿਆਰਥੀਆਂ ਦੇ ਮਾਪਿਆਂ, ਪਿੰਡ ਦੇ ਪੱਤਵੰਤੇ ਸੱਜਣਾਂ, ਐੱਸ.ਐੱਮ.ਸੀ. ਕਮੇਟੀ ਦੇ ਮੈਂਬਰਾਂ ਅਤੇ ਸਾਰੇ ਵਿਦਿਆਰਥੀਆਂ ਨੂੰ ਮੁਕਾਬਲਿਆਂ ਵਿੱਚ ਆਉਣ ਲਈ ਸੱਦਾ ਦੇਣਗੇ।

18.0 ਸਕੂਲ ਪੱਧਰ 'ਤੇ ਹਰ ਮੁਕਾਬਲੇ ਵਿੱਚ ਹਰ ਵਿਦਿਆਰਥੀ ਦਾ ਭਾਗ ਲੈਣਾ ਜ਼ਰੂਰੀ ਹੋਵੇਗਾ। ਜਮਾਤ ਤੀਸਰੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਦੇ ਮੁਕਾਬਲੇ ਵਿੱਚੋਂ ਪਹਿਲਾਂ ਸਥਾਨ ਹਾਸਲ ਕਰਨ ਵਾਲਾ ਵਿਦਿਆਰਥੀ ਹੀ ਕਲੱਸਟਰ/ਬਲਾਕ/ਜ਼ਿਲ੍ਹਾ ਪੱਧਰ 'ਤੇ ਭਾਗ ਲਵੇਗਾ।

19.0 ਮੁਕਾਬਲੇ ਵਾਲੇ ਦਿਨ ਸਾਰੇ ਵਿਦਿਆਰਥੀ ਸਾਫ਼-ਸੁਥਰੀ ਵਰਦੀ ਵਿੱਚ ਹੋਣ।

20.0 ਜ਼ਿਲ੍ਹਾ ਪੱਧਰ 'ਤੇ ਪਹਿਲੇ ਅਤੇ ਦੂਸਰੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ/ਅਧਿਆਪਕਾਂ ਦਾ ਸਟੇਟ ਪੱਧਰ 'ਤੇ ਮੁਕਾਬਲਾ ਵੀ ਕਰਵਾਇਆ ਜਾਵੇਗਾ।

21.0 ਇਸ ਮੁਕਾਬਲੇ ਦੀ ਜ਼ਿੰਮੇਵਾਰੀ ਜਿੱਥੇ ਸਕੂਲ ਮੁੱਖੀ ਦੀ ਹੈ ਉੱਥੇ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਡਾਇਟ ਪ੍ਰਿੰਸੀਪਲ, ਬੀ.ਪੀ.ਈ.ਓ. ਅਤੇ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਦੀ ਵੀ ਹੋਵੇਗੀ।

22.0 ਉਕਤ ਹਦਾਇਤਾਂ/ਸੁਝਾਵਾਂ ਦੀ ਪਾਲਣਾ ਸਮੇਂ ਕੇਂਦਰ ਅਤੇ ਰਾਜ ਸਰਕਾਰ ਵੱਲੋਂ COVID-19 ਦੀਆਂ ਜਾਰੀ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ।

23.0 ਹੁਕਮਾਂ ਦੀ ਇੰਨ੍ਹ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।**

**ਪਿੱਠ ਅੰਕਣ ਨੰ:** **ਮਿਤੀ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਪੀ.ਏ.ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
3. ਪੀ.ਏ.ਟੂ ਡੀ.ਪੀ.ਆਈ. (ਐ.ਸਿੱ), ਪੰਜਾਬ।

-ਸਹੀ-

**ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।**

## ਅਨੁਲੱਗ (ੳ)

i. **ਸੁੰਦਰ ਲਿਖਾਈ ਮੁਕਾਬਲੇ - ਪੰਜਾਬੀ (ਵਿਦਿਆਰਥੀ/ਅਧਿਆਪਕ)**

ਨਿਯਮ -1. ਜੈੱਲ ਪੈੱਨ ਨਾਲ ਸੁੰਦਰ ਲਿਖਾਈ ਲਈ ਸਮਾਂ 30 ਮਿੰਟ ਹੋਵੇਗਾ ਅਤੇ ਕਲਮ ਨਾਲ ਸੁੰਦਰ ਲਿਖਾਈ ਦਾ ਸਮਾਂ 40 ਮਿੰਟ ਦਾ ਹੋਵੇਗਾ।

ਨਿਯਮ -2. ਲਿਖਣ ਲਈ ਦਿੱਤਾ ਜਾਣ ਵਾਲਾ ਪੈਰ੍ਹਾ ਲੱਗਭੱਗ 30-35 ਸ਼ਬਦਾਂ ਦਾ ਹੋਵੇਗਾ।

ਨਿਯਮ-3. ਲਗਾਂ ਮਾਤਰਾ ਲਗਾ ਕੇ ਪੂਰਾ ਲਿਖਣਾ ਜ਼ਰੂਰੀ ਹੋਵੇਗੀ।

ਨਿਯਮ-4. ਕਿਸੇ ਕਿਸਮ ਦੀ ਰਬੜ ਜਾਂ ਫਲਿਊਡ ਦੀ ਵਰਤੋਂ ਦੀ ਸਖ਼ਤ ਮਨਾ ਹੀ ਹੋਵੇਗੀ।

**ਮਾਪਦੰਡ**

ਅੱਖਰਾਂ ਦੀ ਬਣਾਵਟ- 5 ਅੰਕ, ਅੱਖਰਾਂ ਦੀ ਇਕਸਾਰਤਾ- 5 ਅੰਕ, ਅੱਖਰਾਂ ਦੀ ਆਪਸੀ ਦੂਰੀ - 5 ਅੰਕ, ਲਿਖਤ ਦੀ ਸਾਫ਼ ਸਫ਼ਾਈ -5 ਅੰਕ ਅਤੇ ਸਮੁੱਚਾ ਪ੍ਰਭਾਵ- 5

ਨੋਟ 1: ਸਕੂਲ/ਕਲੱਸਟਰ ਪੱਧਰ 'ਤੇ ਸੁੰਦਰ ਲਿਖਾਈ ਮੁਕਾਬਲੇ ਲਈ ਜੈੱਲ ਪੈੱਨ ਸਿਆਹੀ, ਬੋਰਡ ਗੱਤਾ ਆਦਿ ਵਿਦਿਆਰਥੀ ਆਪ ਲਿਆਉਣਗੇ।

ਨੋਟ 2. ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਲਿਖਾਈ ਲਈ ਸ਼ੀਟ ਦਾ ਪ੍ਰਬੰਧ ਮੁਕਾਬਲਿਆਂ ਦੇ ਇੰਚਾਰਜ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ /ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਵੱਲੋਂ ਕੀਤਾ ਜਾਵੇਗਾ।

ਨੋਟ 3. ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਜੱਜਾਂ ਦੀ ਭੂਮਿਕਾ ਨਿਭਾਉਣ ਲਈ ਸਕੂਲਾਂ ਦੇ ਤਜ਼ਰਬੇਕਾਰ ਅਤੇ ਸੁੰਦਰ ਲਿਖਾਈ ਲਈ ਹਦਾਇਤਾਂ ਤੋਂ ਜਾਣੂੰ ਅਧਿਆਪਕਾਂ ਦੀਆਂ ਸੇਵਾਵਾਂ ਲੈ ਕੇ ਵਿਦਿਆਰਥੀਆਂ ਦੀ ਸੁੰਦਰ ਲਿਖਾਈ ਦੇ ਨਤੀਜੇ ਤਿਆਰ ਕਰਵਾਏ ਜਾਣੇ ਜ਼ਰੂਰੀ ਹੋਣਗੇ।

ii. **ਭਾਸ਼ਣ ਮੁਕਾਬਲਾ (ਪੰਜਾਬੀ)**

ਨਿਯਮ 1 - ਬੱਚਾ ਕਿਸੇ ਇੱਕ ਵਿਸ਼ੇ 'ਤੇ ਪੂਰੇ ਹਾਵ ਭਾਵ ਅਤੇ ਲਹਿਜੇ ਨਾਲ ਬੋਲੇਗਾ।

ਨਿਯਮ 2- ਭਾਸ਼ਣ ਬੋਲਣ ਲਈ ਸਮਾਂ 3-5ਮਿੰਟ ਰਹੇਗਾ।

ਭਾਸ਼ਣ ਮੁਕਾਬਲੇ ਲਈ ਮਾਪਦੰਡ ਅਤੇ ਅੰਕ ਵੰਡ-

ਕੁੱਲ ਅੰਕ -25, ਵਿਸ਼ੇ ਦੀ ਘੋਸ਼ਣਾ ਲਈ -5 ਅੰਕ, ਸ਼ੁੱਧ ਉਚਾਰਣ ਲਈ -5 ਅੰਕ, ਰਵਾਨਗੀ ਅਤੇ ਹਾਵ-ਭਾਵ ਲਈ -5 ਅੰਕ, ਮੰਚ 'ਤੇ ਸਵੈ ਵਿਸ਼ਵਾਸ ਲਈ -5 ਅੰਕ ਅਤੇ ਸਮੁੱਚੇ ਪ੍ਰਭਾਵ ਲਈ -5 ਅੰਕ ਦਿੱਤੇ ਜਾਣਗੇ।

ਭਾਸ਼ਣ ਮੁਕਾਬਲੇ ਲਈ ਵਿਸ਼ੇ-

1. ਮਾਖਿਓ ਮਿੱਠੀ- ਮਾਂ ਬੋਲੀ ਪੰਜਾਬੀ
2. ਅਲੋਪ ਹੋ ਰਹੀਆਂ ਪੰਜਾਬੀ ਖੇਡਾਂ
3. ਜੇ ਪੂਰਾ ਕਰਨਾ ਖੁਆਬਾਂ ਨੂੰ ਤਾਂ ਰੱਖਿਓ ਨਾਲ ਕਿਤਾਬਾਂ ਨੂੰ
4. ਜੇ ਰੁੱਖ ਨਾ ਹੁੰਦੇ.....?
5. ਖੇਡਾਂ ਦੀ ਜੀਵਨ ਵਿੱਚ ਮਹੱਤਤਾ
6. ਵੱਡਿਆਂ ਦਾ ਸਤਿਕਾਰ
7. ਪ੍ਰਦੂਸ਼ਿਤ ਹੋਰ ਰਿਹਾ ਆਲ੍ਹਾ-ਦੁਆਲਾ
8. ਵੱਡੀਆਂ ਆਫ਼ਤਾਂ ਦਾ ਸੰਕੇਤ: ਕਰੋਨਾ ਵਾਇਰਸ
9. ਮਿਹਨਤ ਅਤੇ ਮਨੁੱਖ
10. ਮਨੁੱਖੀ ਸ਼ਖ਼ਸੀਅਤ ਵਿੱਚ ਸੁੰਦਰ ਲਿਖਾਈ ਦੀ ਭੂਮਿਕਾ

**iii. ਕਵਿਤਾ ਗਾਇਨ**

ਨਿਯਮ 1. ਹਰ ਵਿਦਿਆਰਥੀ ਪੰਜਾਬੀ ਦੀਆਂ ਪਾਠ ਪੁਸਤਕਾਂ ਵਿੱਚੋਂ ਕੋਈ ਇੱਕ ਕਵਿਤਾ ਗਾ ਕੇ ਸੁਣਾਵੇਗਾ।

ਨਿਯਮ 2. ਕਵਿਤਾ ਗਾਇਨ ਲਈ ਵਿਦਿਆਰਥੀ ਨੂੰ 3-4 ਮਿੰਟ ਦਾ ਸਮਾਂ ਹੀ ਦਿੱਤਾ ਜਾਵੇ।

**ਮਾਪਦੰਡ**

ਕੁੱਲ ਅੰਕ -25, ਕਵਿਤਾ ਦੀ ਚੋਣ -3 ਅੰਕ, ਸ਼ੁੱਧ ਉਚਾਰਨ -5 ਅੰਕ, ਲੈਅ ਅਤੇ ਆਵਾਜ਼ -5 ਅੰਕ, ਸ੍ਰੋਤਿਆਂ ਨਾਲ ਸਾਂਝ -5, ਪੇਸ਼ਕਾਰੀ ਦਾ ਸਮੁੱਚਾ ਪ੍ਰਭਾਵ -7 ਅੰਕ

**iv. ਪੜ੍ਹਨ ਮੁਕਾਬਲਾ (ਪੰਜਾਬੀ)**

ਨਿਯਮ 1. ਬੱਚੇ ਨੂੰ ਸਿਲੇਬਸ ਤੋਂ ਬਾਹਰ ਦੀਆਂ ਕਿਤਾਬਾਂ ਜਿਵੇਂ ਲਾਇਬ੍ਰੇਰੀ ਦੀਆਂ ਕਿਤਾਬਾਂ, ਮੈਗਜ਼ੀਨ, ਅਖਬਾਰ ਆਦਿ ਵਿੱਚ ਪੰਜਾਬੀ ਦੀਆਂ 10-12 ਸਤਰਾਂ ਦਾ ਸੰਗ੍ਰਹਿ ਪੜ੍ਹਨ ਲਈ ਦਿੱਤਾ ਜਾਵੇਗਾ।

ਨਿਯਮ 2. ਹਰੇਕ ਵਿਦਿਆਰਥੀ ਦੇ ਪੜ੍ਹਨ ਦਾ ਸਮਾਂ ਵੀ ਨੋਟ ਕੀਤਾ ਜਾਵੇ।

**ਮਾਪਦੰਡ**

ਕੁੱਲ ਅੰਕ -25, ਸਮੇਂ ਲਈ- 10 ਅੰਕ, ਰਵਾਨਗੀ- 05 ਅੰਕ, ਸ਼ੁੱਧ ਉਚਾਰਨ 05 ਅੰਕ, ਹਾਵ-ਭਾਵ ਨਾਲ ਪੜ੍ਹਨਾ -5 ਅੰਕ

**v. ਬੋਲ ਲਿਖਤ (ਪੰਜਾਬੀ)**

ਨਿਯਮ -1. ਵਿਦਿਆਰਥੀਆਂ ਨੂੰ ਪੰਜ ਵਾਕ ਬੋਲੇ ਜਾਣਗੇ।

ਨਿਯਮ -2 ਹਰ ਵਾਕ ਨੂੰ ਵੱਧ ਤੋਂ ਵੱਧ ਤਿੰਨ ਵਾਰ ਹੀ ਬੋਲਿਆ ਜਾਵੇ।

ਨਿਯਮ-3. ਬੋਲੇ ਗਏ ਵਾਕ ਨੂੰ ਇੰਨ-ਬਿੰਨ੍ਹ ਅਤੇ ਸਹੀ ਅਤ ਸਾਫ਼ ਲਿਖਣਾ ਹੋਵੇਗਾ

ਨਿਯਮ -4. ਕਿਸੇ ਕਿਸਮ ਦੀ ਕਟਿੰਗ, ਰਬੜ ਜਾਂ ਫਲਿਊਡ ਦੀ ਵਰਤੋਂ ਦੀ ਮਨਾਹੀ ਹੋਵੇਗੀ।

ਨੋਟ:- ਲਿਖਣ ਲਈ ਵਰਤੀ ਜਾਣ ਵਾਲੀ ਸਮੱਗਰੀ ਜਿਵੇਂ ਗੱਤਾ ਕਾਗਜ਼, ਸਿਆਹੀ, ਪੈੱਨ ਆਦਿ ਵਿਦਿਆਰਥੀ ਆਪ ਲੈ ਕੇ ਆਉਣਗੇ।

- ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਪੇਪਰ, ਪੈੱਨ ਆਦਿ ਬਲਾਕ/ਜ਼ਿਲ੍ਹਾ ਅਧਿਕਾਰੀਆਂ ਵੱਲੋਂ ਉਪਲੱਬਧ ਕਰਵਾਏ ਜਾਣਗੇ ਪਰ ਗੱਤਾ ਵਿਦਿਆਰਥੀ ਆਪ ਹੀ ਲੈ ਕੇ ਆਉਣਗੇ।

**vi. ਕਹਾਣੀ ਸੁਣਾਉਣ ਮੁਕਾਬਲੇ:-**

ਨਿਯਮ -1.ਕਹਾਣੀ ਕਿਸੇ ਵੀ ਅਖਬਾਰ ਜਾਂ ਰਸਾਲੇ ਤੋਂ ਪੜ੍ਹ ਕੇ ਨਹੀਂ ਸੁਣਾਈ ਜਾਵੇਗੀ।

ਨਿਯਮ-2. ਕਹਾਣੀ ਵਿਦਿਆਰਥੀਆਂ ਦੁਆਰਾ ਮੌਖਿਕ ਰੂਪ ਵਿੱਚ ਸੁਣਾਈ ਜਾਵੇਗੀ ।

ਨਿਯਮ-3. ਕਹਾਣੀ ਪੰਜਾਬ ਸਕੂਲ ਸਿੱਖਿਆ ਬੋਰਡ ਦੀਆ ਪਾਠ ਪੁਸਤਕਾਂ ਤੋਂ ਬਿਨਾਂ ਕਿਸੇ ਵੀ ਕਹਾਣੀ ਦੀ ਕਿਤਾਬ ਵਿੱਚੋਂ ਹੋ ਸਕਦੀ ਹੈ।

ਨਿਯਮ-4. ਕਹਾਣੀ ਦਾ ਸੰਦੇਸ਼ ਸਿੱਖਿਆਦਾਇਕ ਹੋਣਾ ਚਾਹੀਦਾ ਹੈ ।

ਨਿਯਮ-5. ਕਹਾਣੀ ਦਾ ਵਿਸ਼ਾ ਕਿਸੇ ਵਿਅਕਤੀ ਵਿਸ਼ੇਸ਼ ਨੂੰ ਚੋਣ ਕਰਨ ਜਾਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਵਾਲਾ ਨਹੀਂ ਹੋਣਾ ਚਾਹੀਦਾ ਹੈ ।

ਮਾਪਦੰਡ

ਕੁੱਲ ਅੰਕ -25, ਕਹਾਣੀ ਦਾ ਪ੍ਰਭਾਵਸ਼ਾਲੀ ਆਰੰਭ/ਵਿਸ਼ਾ- 5 ਅੰਕ, ਬੋਲੀ ਦੀ ਸ਼ੁੱਧਤਾ 10 ਅੰਕ, ਚਿਹਰੇ ਦੇ ਹਾਵ-ਭਾਵ -5 ਅੰਕ, ਸਮੁੱਚਾ ਪ੍ਰਭਾਵ/ਪਾਤਰਾਂ ਦੀ ਪੇਸ਼ਕਾਰੀ-5

i. ਆਮ ਗਿਆਨ

ਨਿਯਮ 1. ਇਹ ਮੁਕਾਬਲਾ ਬਹੁ ਵਿਕਲਪੀ ਪ੍ਰਸ਼ਨਾਂ ਅਧਾਰਿਤ ਪੇਪਰ ਦੇ ਰੂਪ ਵਿੱਚ ਹੋਵੇਗਾ।

ਨਿਯਮ 2. ਪੇਪਰ ਵਿੱਚ ਕੁੱਲ 30 ਪ੍ਰਸ਼ਨ ਹੋਣਗੇ।

ਨਿਯਮ 3. ਪੇਪਰ ਲਈ ਸਮਾਂ 30 ਮਿੰਟ ਹੋਵੇਗਾ।

ਨਿਯਮ 4. ਹਰ ਪ੍ਰਸ਼ਨ ਲਈ 1 ਅੰਕ ਦਿੱਤਾ ਜਾਵੇਗਾ।

ਨਿਯਮ 5. ਪੇਪਰ ਲਈ ਪ੍ਰਸ਼ਨ ਸਵੇਰ ਦੀ ਸਭਾ ਵਾਲੀ ਸਲਾਇਡ ਵਿੱਚੋਂ, ਆਮ-ਗਿਆਨ ਦੀਆਂ ਕਿਤਾਬਾਂ (ਜਮਾਤ ਤੀਸਰੀ – 'ਗਿਆਨ ਪਿਟਾਰਾ', ਜਮਾਤ ਚੌਥੀ – 'ਗੱਲਾਂ ਗਿਆਨ ਦੀਆਂ' ਅਤੇ ਜਮਾਤ ਪੰਜਵੀਂ- 'ਗਿਆਨ ਰਿਸ਼ਮਾਂ') ਵਿੱਚੋਂ ਹੋਣਗੇ।

vii. ਚਿੱਤਰਕਲਾ

ਨਿਯਮ 1. ਚਿੱਤਰਕਾਰੀ ਲਈ ਸਮਾਂ 2 ਘੰਟੇ ਦਾ ਹੋਵੇਗਾ।

ਨਿਯਮ2. ਸ਼ੀਟ ਆਕਾਰ ਕੇਵਲ 11x15 ਇੰਚ ਹੋਵੇਗਾ।

ਨਿਯਮ 3. ਚਿੱਤਰਕਾਰੀ ਲਈ ਵਿਸ਼ੇ ਕੁਦਰਤੀ ਦ੍ਰਿਸ਼/ਮੇਰਾ ਸਮਾਰਟ ਸਕੂਲ ਸਮਾਰਟ ਲਾਇਬ੍ਰੇਰੀ ਅਤੇ ਪੋਸਟਰ-ਕਿਤਾਬਾਂ ਸਾਡੀਆਂ ਸੱਚੀਆਂ ਮਿੱਤਰ ਹੋਣਗੇ।

ਨਿਯਮ 4. ਚਿੱਤਰਕਾਰੀ ਲਈ ਵਿਦਿਆਰਥੀ ਤਿੰਨ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਦੀ ਚੋਣ ਕਰੇਗਾ।

ਨਿਯਮ 5. ਚਿੱਤਰਕਾਰੀ ਲਈ ਸਕੈੱਚ, ਆਇਲ/ਵਾਟਰ ਕਲਰਜ਼ ਵਿੱਚੋਂ ਕਿਸੇ ਦੀ ਵੀ ਵਰਤੋਂ ਕੀਤੀ ਜਾ ਸਕਦੀ ।

**ਮਾਪਦੰਡ**

ਕੁੱਲ ਅੰਕ 25, ਕਲਾ ਅਤੇ ਆਪਾ ਪ੍ਰਗਟਾਅ -10 ਅੰਕ, ਰੰਗ ਯੋਜਨਾ -10 ਅੰਕ, ਸਮੁੱਚਾ ਪ੍ਰਭਾਵ-5 ਅੰਕ

**ਨੋਟ:** 1 ਚਿੱਤਰਕਾਰੀ ਲਈ ਲੋੜੀਂਦਾ ਸਮਾਨ ਜਿਵੇਂ ਡਰਾਇੰਗ ਬੋਰਡ, ਰੰਗ/ਪੇਂਟ ਬੁਰਸ਼ ਆਦਿ ਵਿਦਿਆਰਥੀ ਆਪ ਲੈ ਕੇ ਆਉਣਗੇ।

**ਨੋਟ:-** 2 ਡਰਾਇੰਗ ਲਈ ਸ਼ੀਟ ਕਲੱਸਟਰ/ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਅਧਿਕਾਰੀਆਂ ਦੁਆਰਾ ਉਪਲਬਧ ਕਰਵਾਈ ਜਾਵੇਗੀ।